D:\Assebly\2018\Letter Jalandhar.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।

ਸੇਵਾ ਵਿਖੇ

ਮੁੱਖ ਇੰਜੀਨੀਅਰ(ਪਛੱਮ),
ਪੰਜਾਬ ਵ/ਸ ਅਤੇ ਸੀਵਰੇਜ ਬੋਰਡ,
ਅੰਮ੍ਰਿਤਸਰ।

ਨੰ:- ਪਵਸਸਬ-2019/ਵ/ 16152 ਮਿਤੀ:- 17/7/19

ਵਿਸ਼ਾ:- ਨੋਟ- ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਇਆਂ ਸਬੰਧੀ ਕਮੇਟੀ ਸ਼ਾਖਾ ਵਲੋਂ ਮਿਤੀ 25.6.2019 ਨੂੰ ਹੋਈ ਮੀਟਿੰਗ ਦੀ ਕਾਰਵਾਈ ਵਿੱਚ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨਾਲ ਉਠਾਈ ਸਬੰਧਤ ਟੂਕ ਦਾ ਪੰਨਾ ਨੰ: 5-ਬਟਾਲਾ ਸ਼ਹਿਰ ਵਿਖੇ ਨਵੇ ਸੀਵਰੇਜ਼ ਪਾਉਣ ਦੇ ਕੰਮ ਬਾਰੇ।

ਓਪਰੋਕਤ ਵਿਸ਼ੇ ਸਬੰਧੀ ਨੋਡਲ ਅਫਸਰ-ਕਮ-ਸੰਯੁਕਤ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਵਲੋਂ ਪ੍ਰਾਪਤ ਨੋਟ ਜਿਸ ਵਿਚ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਇਆਂ ਸਬੰਧੀ ਕਮੇਟੀ ਸ਼ਾਖਾ ਵਲੋ ਮਿਤੀ 25.6.2019 ਨੂੰ ਹੋਈ ਮੀਟਿੰਗ ਦੀ ਕਾਰਵਾਈ ਵਿੱਚ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਨਾਲ ਉਠਾਈ ਸਬੰਧਤ ਟੂਕ ਦਾ ਪੰਨਾ ਨੰ: 5 ਦੀ ਨਕਲ ਸਮੇਤ ਸਹਿਲਗ ਭੇਜਦੇ ਹੋਏ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਸਬੰਧਤ ਟੂਕ ਦਾ ਪੰਨਾ ਨੰ 5 ਸਬੰਧੀ ਜੁਆਬ ਤੁਰੰਤ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਸਰਕਾਰ ਨੂੰ ਜੁਆਬ ਸਮੇ ਸਿਰ ਮੁਹੱਈਆਂ ਕਰਵਾਇਆ ਜਾ ਸਕੇ।

ਨੱਥੀ/- ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਕੰਮ)
ਵਾਸਤੇ ਇੰਜੀਨੀਅਰ-ਇਨ-ਚੀਫ
ਕਮ ਤਕਨੀਕੀ ਸਲਾਹਕਾਰ

## ਨੋਟ

ਮਾਨਯੋਗ ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ (ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਸ਼ਾਖਾ) ਜੀ ਵੱਲੋਂ ਆਪਣੇ ਪਿੱਠ ਅੰਕਣ ਨੰ 7667 ਮਿਤੀ 28.06.2019 ਰਾਹੀਂ ਉਕਤ ਕਮੇਟੀ ਦੀ ਮਿਤੀ 25.06.2019 ਨੂੰ ਹੋਈ ਮੀਟਿੰਗ ਦੀ ਕਾਰਵਾਈ ਵਿੱਚੋਂ ਸਬੰਧਤ ਟੂਕ ਭੇਜੀ ਗਈ ਹੈ। ਇਸ ਟੂਕ ਵਿੱਚੋ ਹੇਠ ਲਿਖੇ ਅਨੁਸਾਰ ਆਪ ਦੀ ਸ਼ਾਖਾ/ਵਿਭਾਗ ਨਾਲ ਸਬੰਧਤ ਟੂਕ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ। ਇਸ ਦੀ ਰਿਪੋਰਟ ਜਲਦੀ ਤੋਂ ਜਲਦੀ ਭੇਜੀ ਜਾਵੇ।

ਨੋਡਲ ਅਫ਼ਸਰ-ਕਮ-ਸੰਯੁਕਤ ਡਾਇਰੈਕਟਰ
ਸਥਾਨਕ ਸਰਕਾਰ ਵਿਭਾਗ

1. ਮੁੱਖ ਕਾਰਜਕਾਰੀ ਅਫ਼ਸਰ, ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ
   (ਸਬੰਧਤ ਟੂਕ ਦਾ ਪੰਨਾ ਨੰ: 5)
2. ਅਧੀਨ ਸਕੱਤਰ, ਸਥਾਨਕ ਸਰਕਾਰ ਵਿਭਾਗ
   (ਪੰਨਾ ਨੰ: 2,5)
3. ਜੁਆਇੰਟ ਡਿਪਟੀ ਡਾਇਰੈਕਟਰ (ਪੰਨਾ 7,8)
4. ਸੀ.ਵੀ.ਓ (ਪੰਨਾ ਨੰ: 6)
5. ਈ.ਆਈ.ਸੀ (ਪੰਨਾ ਨੰ: 7)
6. ਡੀ.ਸੀ.ਐਫ.ਏ (ਪੰਨਾ ਨੰ: 2,3,7)
7. ਐਸ.ਟੀ.ਪੀ (ਪੰਨਾ ਨੰ: 2,11)
8. ਸੁਪਰਡੰਟ, ਮਸਸ (ਪੰਨਾ ਨੰ: 3,4,6,9)
9. ਸੁਪਰਡੰਟ, ਜ.ਸ (ਪੰਨਾ ਨੰ: 4,5,9)
10. ਸੁਪਰਡੰਟ, ਟ.ਸ.ਸ (ਪੰਨਾ ਨੰ: 6,7,9,10)

ਇਸ ਦੇ ਨਾਲ ਹੀ ਉਨ੍ਹਾਂ ਨੇ ਬਟਾਲਾ ਸ਼ਹਿਰ ਵਿਖੇ ਨਵੇਂ ਸੀਵਰੇਜ ਪਾਉਣ ਦੇ ਕੰਮ ਬਾਰੇ ਕਮੇਟੀ ਦੇ ਧਿਆਨ ਵਿਚ ਲਿਆਂਦਾ ਕਿ ਪਹਿਲਾਂ ਇਸ ਦਾ 168 ਕਰੋੜ ਰੁਪਏ ਦਾ ਪ੍ਰਾਜੈਕਟ ਬਣਿਆ ਸੀ. ਤੇ ਸਾਲ 2016 ਵਿੱਚ 28.66 ਕਰੋੜ ਰੁਪਿਆ ਰਿਲੀਜ਼ ਵੀ ਕੀਤਾ ਗਿਆ ਸੀ । ਉਸ ਦੇ ਐਸ.ਟੀ.ਪੀ ਪਹਿਲਾਂ ਤਿੰਨ ਪ੍ਰਪੋਜ਼ਡ ਕੀਤੇ ਸਨ ਲੇਕਿਨ ਹੁਣ ਇੱਕ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਥੇ ਜਿਹੜਾ ਇਸ ਵੇਲੇ ਪ੍ਰਪੋਜ਼ ਕੀਤਾ ਗਿਆ ਹੈ ਉਹ ਅੰਮ੍ਰਿਤਸਰ ਰੋਡ ਤੇ ਜਾ ਕੇ ਚਾਰ ਕਿਲੋਮੀਟਰ ਉਤੇ ਹੈ ਉਸ ਐਸ.ਟੀ.ਪੀ. ਵਿਚ ਸਟਾਰਮ ਵਾਟਰ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ । ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਓਪਨ ਬਿੱਡ ਦੇਣ ਦੀ ਬਜਾਏ ਸਿੰਗਲ ਬਿੱਡ ਨੂੰ ਹੀ ਦੇ ਦਿੱਤੀ ਗਈ। ਉਨ੍ਹਾਂ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਦੇ ਧਿਆਨ ਵਿਚ ਲਿਆਂਦਾ ਕਿ ਇਸ ਨੂੰ ਵੈਰੀਫਾਈ ਕੀਤਾ ਜਾਵੇ ਕਿ ਇੰਨੇ ਪੈਸੇ ਲਗਾ ਕੇ ਲੋਕਾਂ ਨੂੰ ਇਸ ਦਾ ਫਾਇਦਾ ਹੋ ਸਕਦਾ ਹੈ ਜਾਂ ਨਹੀਂ। ਉਨ੍ਹਾਂ ਡਾਇਰੈਕਟਰ ਨੂੰ ਕਿਹਾ ਕਿ ਉਹ ਇਸ ਪ੍ਰਾਜੈਕਟ ਨੂੰ ਥਾਰੋਅਲੀ ਚੈੱਕ ਕਰਵਾ ਲੈਣ ਕਿਉਂ ਜੋ ਇਸ ਵਿਚ ਪਹਿਲਾਂ ਹੀ ਬਹੁਤ ਜ਼ਿਆਦਾ ਡਿਲ੍ਹੇਅ ਹੋ ਚੁੱਕੀ ਹੈ।

ਡਾਇਰੈਕਟਰ ਨੇ ਹੱਡਾ ਰੋੜੀ ਦੀ ਸਮੱਸਿਆ ਬਾਰੇ ਕਮੇਟੀ ਦੇ ਧਿਆਨ ਵਿਚ ਲਿਆਂਦਾ ਕਿ ਲੁਧਿਆਣਾ ਵਿਚ ਕਾਰਕਸ (Carcass) ਮੈਨੇਜਮੈਂਟ ਦਾ ਪਲਾਂਟ ਲਗਾਇਆ ਜਾ ਰਿਹਾ ਹੈ, ਇਸ ਪਲਾਂਟ ਵਿਚ ਜਿੰਨੇ ਵੀ ਮਰੇ ਹੋਏ ਜਾਨਵਰ ਹੋਣਗੇ ਉਨ੍ਹਾਂ ਨੂੰ ਚੁੱਕ ਕੇ ਉਥੇ ਲੈ ਕੇ ਜਾਇਆ ਜਾਵੇਗਾ ਅਤੇ ਉਥੇ ਮਸ਼ੀਨਾਂ ਲੱਗੀਆਂ ਹੋਣਗੀਆਂ ਅਤੇ ਉਸ ਦਾ ਜਿਹੜਾ ਬਾਇ ਪ੍ਰੋਡੱਕਟ ਤਿਆਰ ਹੋਵੇਗਾ ਉਸ ਨੂੰ ਮਾਰਕੀਟ ਵਿਚ ਵੇਚਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਅਲੱਗ ਅਲੱਗ ਏਰੀਆਜ਼ ਵਿੱਚ ਅਤੇ ਕੁਝ ਰੂਰਲ ਡਿਵੈੱਲਪਮੈਂਟ ਡਿਪਾਰਟ ਅਤੇ ਕੁਝ department under the Smart city ਲਗਾਉਣ ਬਾਰੇ ਸੋਚ ਰਹੇ ਹਾਂ। ਉਨ੍ਹਾਂ ਦੱਸਿਆ ਕਿ ਪੇਂਡੂ ਤੇ ਸ਼ਹਿਰੀ ਖੇਤਰ ਦੋਨੋਂ ਇੰਟੈਗਰੇਟ ਕਰ ਲਏ ਗਏ ਹਨ। ਉਨ੍ਹਾਂ ਵਲੋਂ ਇਹ ਕੋਸ਼ਿਸ਼ ਕੀਤੀ ਜਾਵੇਗੀ ਕਿ ਜਿਹੜਾ ਅਬੋਹਰ ਹੈ ਇਸ ਨੂੰ ਕਿਸੇ ਨਾ ਕਿਸੇ ਕਲੱਸਟਰ ਵਿਚ ਐਡ ਕੀਤਾ ਜਾਵੇਗਾ ਤਾਂ ਜੋ ਇਸ ਨਾਲ ਅਬੋਹਰ ਵਿਖੇ ਹੱਡਾ ਰੋੜੀ ਦੀ ਸਮੱਸਿਆ ਸ਼ਾਰਟ ਆਊਟ ਹੋ ਸਕੇ।

ਸ਼੍ਰੀ ਸਭਾਪਤੀ ਜੀ ਨੇ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਦਾ ਬਾਰਡਰ ਏਰੀਆ ਹੈ ਅਤੇ 45 ਕਿਲੋਮੀਟਰ ਅੰਮ੍ਰਿਤਸਰ ਤੋਂ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਲੋਕ ਜ਼ਿਆਦਾ ਦੇਰ ਮਰੇ ਹੋਏ ਪਸ਼ੂ ਨਹੀਂ ਰੱਖ ਸਕਦੇ ਕਿਉਂਕਿ ਉਨ੍ਹਾਂ ਨੂੰ ਮਰੇ ਪਸ਼ੂਆਂ ਦੀ ਚਮੜੀ ਵਗੈਰਾ ਦਾ ਲਾਲਚ ਹੁੰਦਾ ਹੈ। ਇਸ ਲਈ ਇਸ ਵਾਸਤੇ ਕੋਈ ਲਾਅ ਬਣਾਇਆ ਜਾਵੇ ਅਤੇ ਇਸ ਨੂੰ ਸਟਰਿਕਟਲੀ ਲਾਗੂ ਕੀਤਾ ਜਾਵੇ ਕਿ ਕੋਈ ਵੀ ਵਿਅਕਤੀ ਮਰੇ ਹੋਏ ਪਸ਼ੂ ਨੂੰ ਹੱਡਾ ਰੋੜੀ ਵਿਚ ਲਾਹੇਗਾ ਨਹੀਂ ਸਗੋਂ ਉਸ ਨੂੰ ਸਿੱਧਾ ਕਾਰਕਸ ਪਲਾਂਟ ਵਿਖੇ ਹੀ ਲਿਜਾਇਆ ਜਾਵੇਗਾ ।

ਕਮੇਟੀ ਵਿਭਾਗ ਨੂੰ ਸਿਫਾਰਸ਼ ਕਰਦੀ ਹੈ ਕਿ ਵਿਭਾਗ ਵੱਲੋਂ ਇਨ੍ਹਾਂ ਚੀਜ਼ਾਂ ਉਤੇ ਪੂਰੀ ਗੰਭੀਰਤਾ ਨਾਲ ਗੌਰ ਕੀਤੀ ਜਾਵੇ ਅਤੇ ਇਸ ਨੂੰ ਪ੍ਰਾਇਓਰਿਟੀ ਉਤੇ ਲੈ ਕੇ ਲੋਕਾਂ ਦੀ ਸਮੱਸਿਆਵਾਂ ਦਾ ਹੱਲ ਕੀਤਾ ਜਾਵੇ।